Government of Punjab
Department of Revenue Rehabilitation, and
Disaster management
(Stamp and Registry Branch)

To

All Deputy Commissioners

Memo No.25/19/2017-St-2/6804-25
Chandigarh, dated 05.06.2018

Subject :- Clarification regarding the registration within blood relations.

****

As per Government notification no. S.O.127/C.A.2/1899/S.9/2010, dated 11.02.2010, female buyers were given exemption of 2% of stamp duty on purchasing land. Thereafter vide Department Letter No.24/13/10-St-2/10690-10965, dated 29.08.2014, directions were issued that female buyers would get a 2% stamp duty exemption proportionate to their share of the purchased property, meaning thereby that, 2% exemption would apply to a sale transaction in entirety only when there was a sole female buyer/buyers. For example where the female buyer had purchased one half share of the land sold and the other one half share had been purchased by a male vendee in such case the exemption on the total amount would be 1% only.

It has been noticed that this exemption to female buyers was being misused, by transferring the land purchased by a female in the name of male family member without paying the applicable stamp duty and other fees. To prevent this malpractice, the government has now decided that if any such land/property on which 2% exemption of stamp duty had been availed at the time of purchase was transferred by a female to a male within one year of its registration, the exemption on stamp duty initially granted will be recovered at the time of the such transfer.

These instructions should be communicated to all subordinate offices under your jurisdiction.

Sd/-

Under Secretary Revenue

Join male Female

19

ਪੰਜਾਬ ਸਰਕਾਰ

ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ

(ਅਸ਼ਟਾਮ ਅਤੇ ਰਜਿਸਟਰੀ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।

ਮੀਮੋ ਨੰ: 25/19/2017-ਐਸ.ਟੀ.2/6804-25
ਚੰਡੀਗੜ੍ਹ, ਮਿਤੀ: 05/06/2018

ਵਿਸ਼ਾ:- ਬਲੱਡ ਰਿਲੇਸ਼ਨ ਵਿੱਚ ਹੋਣ ਵਾਲੀ ਰਜਿਸਟਰੀ ਸਬੰਧੀ ਸਪਸ਼ਟੀਕਰਨ।

****

ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਨੰ: S.O.127/C.A.2/1899/S.9/2010, dated 11.2.2010 ਰਾਹੀਂ ਔਰਤ ਖਰੀਦਦਾਰਾਂ ਨੂੰ ਜਮੀਨ ਖਰੀਦਣ ਤੇ ਅਸ਼ਟਾਮ ਡਿਊਟੀ ਤੋਂ 2% ਦੀ ਛੋਟ ਦਿੱਤੀ ਗਈ ਸੀ। ਇਸ ਉਪਰੰਤ ਇਸ ਵਿਭਾਗ ਵਲੋਂ ਪੱਤਰ ਨੰ: 24/13/10-ਐਸ.ਟੀ.2/10690-10965, ਮਿਤੀ 29.08.2014 ਰਾਹੀਂ ਇਹ ਵੀ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਔਰਤ ਖਰੀਦਦਾਰਾਂ ਨੂੰ 2% ਛੋਟ, ਜਾਇਦਾਦ ਵਿੱਚ ਉਨ੍ਹਾਂ ਦੇ ਬਣਦੇ ਹਿੱਸੇ ਦੀ proportion ਵਿੱਚ ਹੀ ਹੋਵੇਗੀ, ਭਾਵ 2% ਦੀ ਸਟੈਂਪ ਡਿਊਟੀ ਤੋਂ ਮੁਕੰਮਲ ਛੋਟ ਉੱਥੇ ਦਿੱਤੀ ਜਾਵੇਗੀ, ਜਿੱਥੇ ਔਰਤ ਖਰੀਦਦਾਰ ਜਾਂ ਇੱਕ ਤੋਂ ਵੱਧ ਔਰਤ ਖਰੀਦਦਾਰ ਦੇ ਨਾਮ ਤੇ ਹੋਵੇ। ਜੇਕਰ ਔਰਤ ਜਾਇਦਾਦ ਦਾ ਅੱਧਾ ਹਿੱਸਾ ਲੈ ਰਹੀ ਹੈ ਜਾਂ ਲੈ ਰਹੀਆਂ ਹਨ, ਭਾਵ ਅੱਧਾ ਹਿੱਸਾ ਮਰਦ ਖਰੀਦਦਾਰ ਲੈ ਰਿਹਾ ਹੈ ਤਾਂ ਛੋਟ ਵੀ ਉਸੇ ਮਿਕਦਾਰ ਵਿੱਚ ਦਿੱਤੀ ਜਾਵੇਗੀ ਅਤੇ ਔਰਤ ਖਰੀਦਦਾਰ ਨੂੰ ਛੋਟ 1% ਤੱਕ ਸੀਮਤ ਹੋਵੇਗੀ।

2. ਪਰ ਹੁਣ ਸਰਕਾਰ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਸਰਕਾਰ ਵਲੋਂ ਔਰਤਾਂ ਦੇ ਹੱਕ ਵਿੱਚ ਦਿੱਤੀ ਗਈ ਸਟੈਂਪ ਡਿਊਟੀ ਦੀ ਇਹ ਛੋਟ ਦੀ ਦੁਰਵਰਤੋਂ ਕਰਦੇ ਹੋਏ ਪਹਿਲਾਂ ਰਜਿਸਟਰੀ ਔਰਤ ਦੇ ਨਾਮ ਤੇ ਕਰਵਾ ਲਈ ਜਾਂਦੀ ਹੈ ਅਤੇ ਉਸ ਉਪਰੰਤ ਉਸ ਜਮੀਨ/ਜਾਇਦਾਦ ਨੂੰ ਬਲੱਡ ਰਿਲੇਸ਼ਨ ਵਿੱਚ ਬਿਨ੍ਹਾਂ ਸਟੈਂਪ ਡਿਊਟੀ ਅਤੇ ਹੋਰ ਫੀਸਾਂ ਆਦਿ ਦਿੱਤੇ ਬਗੈਰ ਪਰਿਵਾਰ ਦੇ ਪੁਰਸ਼ ਮੈਂਬਰ ਦੇ ਨਾਮ ਤੇ ਤਬਦੀਲ ਕਰਵਾ ਲਿਆ ਜਾਂਦਾ ਹੈ। ਇਸ ਪ੍ਰਥਾ ਨੂੰ ਰੋਕਣ ਲਈ ਹੁਣ ਸਰਕਾਰ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਹਾਲਾਤਾਂ ਵਿੱਚ ਜੇਕਰ ਰਜਿਸਟਰੀ ਦੇ ਇੱਕ ਸਾਲ ਦੇ ਅੰਦਰ ਔਰਤ ਵਲੋਂ ਉਸੇ ਜਮੀਨ/ਜਾਇਦਾਦ ਦੀ ਕਿਸੇ ਪੁਰਸ਼ ਦੇ ਨਾਂ ਤੇ ਤਬਦੀਲ ਮਲਕੀਅਤ ਕੀਤੀ ਜਾਂਦੀ ਹੈ ਤਾਂ ਅਜਿਹਾ ਕਰਨ ਵੇਲੇ ਸਟੈਂਪ ਡਿਊਟੀ ਤੋਂ ਦਿੱਤੀ ਛੋਟ ਵਸੂਲ ਕੀਤੀ ਜਾਵੇਗੀ।

3. ਇਹ ਹਦਾਇਤਾਂ ਆਪਣੇ ਅਧੀਨ ਆਉਂਦੇ ਸਮੂਹ ਦਫਤਰਾਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

5/6/18

ਅਧੀਨ ਸਕੱਤਰ ਮਾਲ

5/6/18